# ਪਿਛੋਕੜ ਬਾਰੇ ਜਾਣਕਾਰੀ

Ontario

ਮਨਿਸਟਰੀ ਆਫ਼ ਦ
ਅਟਰਨੀ ਜਨਰਲ

20 ਫਰਵਰੀ 2006

### ਜਨਤਾ ਦੀ ਚੰਗੇਰੀ ਸੇਵਾ ਲਈ ਮਨੁੱਖੀ ਅਧਿਕਾਰਾਂ ਵਿੱਚ ਸੋਧ

## ਓਨਟੇਰੀਓ ਵਿੱਚ ਮਨੁੱਖੀ ਅਧਿਕਾਰਾਂ ਦੀ ਆਧੁਨਿਕ ਬਣਾਈ ਗਈ ਪ੍ਰਣਾਲੀ

ਮੈਗਿੰਟੀ ਸਰਕਾਰ 2000 ਦੀ ਬਹਾਰ ਦੀ ਰੁੱਤ ਵਿੱਚ ਅਜਿਹਾ ਕਾਨੂੰਨ ਲਿਆਉਣ ਦਾ ਇਰਾਦਾ ਰੱਖਦੀ ਹੈ ਜਿਹੜਾ, ਜੇ ਪਾਸ ਹੋ ਗਿਆ, ਓਨਟੇਰੀਓ ਦੀ 40-ਸਾਲ ਪੁਰਾਣੇ ਮਨੁੱਖੀ ਅਧਿਕਾਰਾਂ ਦੀ ਪ੍ਰਣਾਲੀ ਨੂੰ ਬਦਲ ਦੇਵੇਗਾ ਤਾਂ ਕਿ ਇਹ ਮਨੁੱਖੀ ਅਧਿਕਾਰਾਂ ਦੇ ਆਧੁਨਿਕ ਮੁੱਦਿਆਂ ਦਾ ਵਧੇਰੇ ਢੁਕਵਾਂ ਹੱਲ ਕਰ ਸਕੇ।

ਮਨੁੱਖੀ ਅਧਿਕਾਰਾਂ ਦੇ ਪ੍ਰਸਤਾਵਿਤ ਨਵੇਂ ਮਾਡਲ ਵਿੱਚ ਵਧਾਏ ਗਏ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਵਿੱਚ ਦਾਅਵੇ ਸਿੱਧੇ ਹੀ ਦਾਇਰ ਕਰ ਸਕਣ ਨਾਲ ਸ਼ਿਕਾਇਤਾਂ ਦੇ ਹੱਲ ਦਾ ਇੱਕ ਵਧੇਰੇ ਤੇਜ਼, ਵਧੇਰੇ ਅਸਰਦਾਰ ਤਰੀਕਾ ਉਪਲਬਧ ਹੋਵੇਗਾ। ਨਵਾਂ ਮਾਡਲ ਹਿਊਮਨ ਰਾਈਟਸ ਕਮਿਸ਼ਨ ਆਫ਼ ਓਨਟੇਰੀਓ ਨੂੰ ਵੀ ਮਜ਼ਬੂਤ ਕਰੇਗਾ ਅਤੇ ਇਸ ਨੂੰ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਦੇ ਹੱਲ ਲਈ ਵਧੇਰੇ ਪੇਸ਼ਕਦਮੀਆਂ ਕਰਨ ਤੇ ਜ਼ੋਰ ਦੇ ਸਕਣ ਦੀ ਇਜਾਜ਼ਤ ਦੇਵੇਗਾ।

## ਓਨਟੇਰੀਓ ਵਿੱਚ ਮਨੁੱਖੀ ਅਧਿਕਾਰਾਂ ਦੀ ਮੌਜੂਦਾ ਪ੍ਰਣਾਲੀ

ਮਨੁੱਖੀ ਅਧਿਕਾਰਾਂ ਦੀ ਮੌਜੂਦਾ ਪ੍ਰਣਾਲੀ, ਜੋ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਅਤੇ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਦੀ ਬਣੀ ਹੋਈ ਹੈ, ਸੰਨ 1962 ਤੋਂ ਸਥਾਪਤ ਹੈ ਜਦੋਂ ਸੂਬੇ ਨੇ ਕੈਨੇਡਾ ਦਾ ਪਹਿਲਾ ਮਨੁੱਖੀ ਅਧਿਕਾਰਾਂ ਬਾਰੇ ਕਾਨੂੰਨ ਸਥਾਪਤ ਕੀਤਾ ਸੀ। ਇਸ ਕਾਨੂੰਨ ਦੀ ਸਥਾਪਨਾ ਸੂਬੇ ਵਿੱਚ ਕੰਮ ਵਾਲੀ ਥਾਂ ਤੇ, ਰਿਹਾਇਸ਼, ਮਾਲ-ਅਸਬਾਬ, ਸੇਵਾਵਾਂ ਅਤੇ ਸਹੂਲਤਾਂ  ਦੇ ਮਾਮਲੇ ਵਿੱਚ, ਸੂਬੇ ਵਿੱਚ ਹਰ ਕਿਸੇ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੀਤੀ ਗਈ ਸੀ।

## ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ

ਕਮਿਸ਼ਨ ਇੱਕ ਖ਼ੁਦਮੁਖਤਿਆਰ ਸੰਸਥਾ ਹੈ, ਜੋ ਐਟਰਨੀ-ਜਨਰਲ ਰਾਹੀਂ ਵਿਧਾਨ ਸਭਾ ਨੂੰ ਜਵਾਬਦੇਹ ਹੈ। ਕਮਿਸ਼ਨ ਓਨਟੇਰੀਓ ਹਿਊਮਨ ਰਾਈਟਸ ਕੋਡ ਨੂੰ ਲਾਗੂ ਕਰਦਾ ਹੈ, ਅਤੇ ਇਸਦੀ ਕੇਂਦਰੀ ਭੂਮਿਕਾ ਸ਼ਿਕਾਇਤਾਂ ਪ੍ਰਾਪਤ ਕਰਨੀਆਂ ਅਤੇ ਉਨ੍ਹਾਂ ਦੀ ਪੜ੍ਹਤਾਲ ਕਰਨਾ ਹੈ। ਸ਼ਿਕਾਇਤਾਂ ਦੀ ਪੜ੍ਹਤਾਲ ਹੋ ਜਾਣ ਤੇ ਕਮਿਸ਼ਨ ਫਿਰ ਫੈਸਲਾ ਕਰਦਾ ਹੈ ਕਿ ਸੁਣਵਾਈ ਹੋਣ ਲਈ ਮਾਮਲਾ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਸਾਮ੍ਹਣੇ ਪੇਸ਼ ਹੋਣਾ ਚਾਹੀਦਾ ਹੈ ਕਿ ਨਹੀਂ।

ਕਮਿਸ਼ਨ ਨੂੰ ਨੀਤੀਆਂ ਬਾਰੇ ਆਪਣੇ ਕੰਮ, ਖੋਜ ਅਤੇ ਮਨੁੱਖੀ ਅਧਿਕਾਰਾਂ ਦੇ ਨਿੱਗਰ ਮੁੱਦਿਆਂ ਤੇ ਸੇਧਾਂ ਵਿਕਸਤ ਕਰਨ ਲਈ ਅੰਤਰਾਸ਼ਟਰੀ ਮਾਨਤਾ ਮਿਲੀ ਹੈ। ਤਾਜ਼ਾ ਪ੍ਰਕਾਸ਼ਨਾਂ ਵਿੱਚ ਨਸਲ ਦੇ ਆਧਾਰ ਤੇ ਕਿਸੇ ਵਿਅਕਤੀ ਤੇ ਸ਼ੱਕ ਕਰਨ (racial profiling) ਉਮਰ ਦੇ ਆਧਾਰ ਤੇ ਵਿਤਕਰਾ, ਲਾਜ਼ਮੀ ਰਿਟਾਇਰਮੈਂਟ, ਅਤੇ ਰੈਸਟੋਰੈਂਟ ਲੜੀਆਂ ਵਿੱਚ ਪਹੁੰਚ ਸਕਦੇ ਹੋਣ ਦਾ ਲੇਖਾ-ਜੋਖਾ ਕਰਨ ਬਾਰੇ ਰੀਪੋਰਟਾਂ ਸ਼ਾਮਲ ਹਨ।

ਮੈਗਿੰਟੀ ਸਰਕਾਰ ਨੇ ਨਵੰਬਰ 2005 ਵਿੱਚ ਬਾਰਬਰਾ ਹਾਲ ਨੂੰ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਦੀ ਚੀਫ਼ ਕਮਿਸ਼ਨਰ ਤੈਨਾਤ ਕੀਤਾ ਹੈ।

## ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ

ਇਹ ਟ੍ਰਿਬਿਊਨਲ ਇੱਕ ਅੰਸ਼ਕ ਤੌਰ ਤੇ ਨਿਆਂਇਕ (ਕੁਆਸੀ-ਜੁਡੀਸ਼ੀਅਲ) ਅਦਾਰਾ ਹੈ ਜੋ ਕੋਡ ਅਧੀਨ ਵਿਤਕਰੇ ਅਤੇ ਪ੍ਰੇਸ਼ਾਨ ਕੀਤੇ ਜਾਣ ਦੀਆਂ ਸ਼ਿਕਾਇਤਾਂ ਸੁਣਦਾ ਹੈ। ਇਹ ਸਿਰਫ਼ ਉਨ੍ਹਾਂ ਹੀ ਸ਼ਿਕਾਇਤਾਂ ਦੀ ਸੁਣਵਾਈ ਕਰ ਸਕਦਾ ਹੈ ਜਿਹੜੀਆਂ ਕਮਿਸ਼ਨ ਵੱਲੋਂ ਇਸ ਨੂੰ ਭੇਜੀਆਂ ਜਾਣ। ਇਹ ਸ਼ਿਕਾਇਤਾਂ ਤੇ ਮੁੜ-ਵਿਚਾਰ ਅਤੇ ਫੈਸਲਾ ਕਰਨ ਲਈ ਜ਼ਿੰਮੇਦਾਰ ਹੈ।

ਮੈਗਿੰਟੀ ਸਰਕਾਰ ਨੇ ਅਪਰੈਲ 2005 ਵਿੱਚ ਮਾਈਕਲ ਗੋਠੀਅਲ ਨੂੰ ਨੂੰ ਹਿਊਮਨ ਰਾਈਟਸ ਟ੍ਰਿਬਿਊਨ ਆਫ਼ ਓਨਟੇਰੀਓ ਦੀ ਚੇਅਰ ਤੈਨਾਤ ਕੀਤਾ ਹੈ।

## ਪ੍ਰਸਤਾਵਿਤ ਨਵਾਂ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ

ਪ੍ਰਸਤਾਵਿਤ ਸੁਧਾਰਾਂ ਅਧੀਨ, ਕਮਿਸ਼ਨ ਦੀ ਭੂਮਿਕਾ ਓਨਟੇਰੀਓ ਵਿੱਚ ਬਕਾਇਦਾ ਹੁੰਦੇ ਵਿਤਕਰੇ ਦੇ ਹੱਲ ਵਜੋਂ ਜਨਤਕ ਵਿੱਦਿਆ, ਹੌਸਲਾ ਅਫਜ਼ਾਈ ਅਤੇ ਜਨਤਕ ਵਕਾਲਤ, ਖੋਜ ਅਤੇ ਨਿਗਰਾਨੀ ਤੇ ਧਿਆਨ ਕੇਂਦ੍ਰਿਤ ਕਰਨਾ ਹੋਵੇਗਾ। ਕਮਿਸ਼ਨ ਦੇ ਅੰਦਰ ਇੱਕ ਨਸਲਵਾਦ-ਵਿਰੋਧੀ ਸਕੱਤਰੇਤ ਵੀ ਸਥਾਪਤ ਕੀਤਾ ਜਾਵੇਗਾ। ਕਮਿਸ਼ਨ ਕਿਸੇ ਸ਼ਿਕਾਇਤ ਨੂੰ ਖ਼ੁਦ ਆਪਣੀ ਤਰਫ਼ੋਂ ਹੀ ਟ੍ਰਿਬਿਊਨਲ ਦੇ ਸਾਮ੍ਹਣੇ ਲਿਆਉਣ ਅਤੇ ਹੋਰਨਾ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਕਾਬਲੀਅਤ ਵੀ ਬਰਕਰਾਰ ਰੱਖ ਸਕੇਗਾ।

## ਪ੍ਰਸਤਾਵਿਤ ਨਵਾਂ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ

ਸ਼ਿਕਾਇਤ ਦਰਜ ਕਰਵਾਉਣ ਦੀ ਇੱਕ ਨਵੀਂ ਕਾਰਵਾਈ ਲਾਗੂ ਕੀਤੀ ਜਾਵੇਗੀ, ਜਿਸ ਅਧੀਨ ਦਾਅਵੇ ਸਿੱਧੇ ਹੀ ਟ੍ਰਿਬਿਊਨਲ ਕੋਲ ਦਾਇਰ ਕੀਤੇ ਜਾਣਗੇ। ਝਗੜਿਆਂ ਦੇ ਨਿਆਂਪੂਰਕ, ਤੇਜ਼ ਅਤੇ ਅਸਰਦਾਰ ਹੱਲ ਅਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਖ਼ਿਲਾਫ ਮੁਆਵਜ਼ੇ ਦੇਣ ਲਈ ਟ੍ਰਿਬਿਊਨਲ ਨੂੰ ਆਪਣੇ ਕਾਰਜ ਅਤੇ ਜ਼ਾਬਤੇ ਤੈਅ ਕਰ ਸਕਣ ਅਤੇ ਇਸ ਨੂੰ ਨਵੇਂ ਵਿਧਾਨਕ ਹੱਕ ਦੇਣ ਹਿਤ ਮਨੁੱਖੀ ਅਧਿਕਾਰਾਂ ਬਾਰੇ ਨਵਾਂ ਕਾਨੂੰਨ ਪੇਸ਼ ਕੀਤਾ ਜਾਵੇਗਾ। ਜਿਹੜੇ ਲੋਕ ਟ੍ਰਿਬਿਊਨਲ ਤੋਂ ਕੋਈ ਹੱਲ ਚਾਹੁੰਦੇ ਹੋਣ, ਉਨ੍ਹਾਂ ਦੀ ਹਿਮਾਇਤ ਕਰਨ ਅਤੇ ਉਨ੍ਹਾਂ ਨੂੰ ਸਮਰੱਥ ਬਣਾਉਣ, ਦੋਵਾਂ ਕੰਮਾਂ ਲਈ ਲਈ ਨਵਾਂ ਮਾਡਲ ਕਾਨੂੰਨੀ ਅਤੇ ਸਲਾਹਕਾਰੀ ਸੇਵਾਵਾਂ ਸਥਾਪਤ ਕਰੇਗਾ।

- 30 -

ਸੰਪਰਕ:
ਗਰੈੱਗ ਕ੍ਰੋਨ
ਮੰਤਰੀ ਦਾ ਦਫ਼ਤਰ
*(416) 326-1785*

ਬਰੈਂਡਨ ਕਰਾਅਲੀ
ਮਨਿਸਟਰੀ ਆਫ਼ ਦ ਅਟਾਰਨੀ ਜਨਰਲ
*(416) 326-2210*

www.attorneygeneral.jus.gov.on.ca

ਟੈਲੀਫ਼ੋਨ ਰਾਹੀਂ ਸਾਧਾਰਣ ਪੁੱਛ-ਗਿੱਛ: 416-326-2220 ਜਾਂ 1-800-518-7901

ਨੇਤਰਹੀਣ ਵਿਅਕਤੀ ਉਪ੍ਰੋਕਤ ਦਸਤਾਵੇਜ ਦਾ ਮੂਲ-ਪਾਠ ਸੁਣਨ ਲਈ ਉੱਪਰ ਦਿੱਤੇ ਨੰਬਰਾਂ ਤੇ ਫੋਨ ਕਰ ਸਕਦੇ ਹਨ।

ਟੀ.ਟੀ.ਵਾਈ.: 416-326-4012

ਇਸ ਦਸਤਾਵੇਜ ਦਾ 14 ਭਾਸ਼ਾਵਾਂ ਵਿੱਚ ਤਰਜਮਾ ਕੀਤਾ ਗਿਆ ਹੈ।
ਇਹ ਤਰਜਮੇ www.attorneygeneral.jus.gov.on.ca ਤੇ ਉਪਲਬਧ ਹੋਣਗੇ।